**ਮੁਕੱਦਮਾ ਨੰ: 121 ਮਿਤੀ 01.06.2017 ਅ/ਧ 25 ਆਰਮਜ ਐਕਟ 3/4 ਐਕਸਪਲੋਜਿਵ ਐਕਟ ਥਾਣਾ ਸਦਰ ਪਟਿਆਲਾ :-**

ਮਿਤੀ 01-06-2017 ਨੂੰ ਐਸ.ਆਈ. ਗੁਰਮੀਤ ਸਿੰਘ ਸੀ.ਆਈ.ਏ ਸਟਾਫ ਪਟਿਆਲਾ ਸਮੇਤ ਸਾਥੀ ਕਰਮਚਾਰੀਆ ਦੇ ਬਾ ਸਿਲਸਲਾ ਗਸ਼ਤ ਵਾ ਤਲਾਸ਼ ਸ਼ੱਕੀ ਪੁਰਸ਼ਾ ਦੇ ਟੀ ਪੁਆਇੰਟ ਸ਼ੇਖਪੁਰਾ ਪਟਿਆਲਾ ਰਾਜਪੁਰਾ ਰੋਡ ਮੋਜੂਦ ਸੀ। ਜਿੰਨਾਂ ਪਾਸ ਮੁਖਬਰ ਖਾਸ ਨੇ ਅਲਹਿਦਗੀ ਵਿੱਚ ਇਤਲਾਹ ਦਿੱਤੀ ਕਿ ਹਰਪ੍ਰੀਤ ਸਿੰਘ ਪੁੱਤਰ ਬਖਸ਼ੀਸ਼ ਸਿੰਘ ਅਤੇ ਰਜਤਵੀਰ ਸਿੰਘ ਪੁੱਤਰ ਹਰਪ੍ਰੀਤ ਸਿੰਘ ਵਾਸੀ ਮਕਾਨ ਨੰ: 04 ਗਲੀ ਨੰ: 14 ਦਰਸ਼ਨ ਨਗਰ ਪਟਿਆਲਾ ਨੇ ਆਪਣੇ ਪਾਸ ਧਮਾਕਾ ਖੇਜ਼ ਸਮੱਗਰੀ ਅਤੇ ਦੇਸੀ ਬੰਬ ਬਣਾ ਕੇ ਨਜਾਇਜ ਅਸਲਾ ਐਮੋਨੀਸ਼ਨ ਰੱਖੇ ਹੋਏ ਹਨ।ਹਰਪ੍ਰੀਤ ਸਿੰਘ ਆਪਣੀ ਕਾਰ ਰਿਟਜ ਨੰਬਰ ਪੀ.ਬੀ.-19.ਜੇ-0141 ਅਤੇ ਰਜਤਵੀਰ ਸਿੰਘ ਆਪਣੀ ਗੱਡੀ ਸਕਾਰਪਿਉ ਨੰਬਰੀ ਪੀ.ਬੀ.-11ਸੀਈ-0979 ਪਰ ਧਮਾਕਾ ਖੇਜ਼ ਸਮੱਗਰੀ ਅਤੇ ਨਜਾਇਜ ਅਸਲਾ ਲੈ ਕੇ ਰਾਜਪੁਰਾ ਸਾਇਡ ਨੂੰ ਜਾ ਰਹੇ ਹਨ। ਜੇਕਰ ਇਹਨਾਂ ਨੂੰ ਕਾਬੂ ਕੀਤਾ ਜਾਵੇ ਤਾ ਇਹਨਾਂ ਪਾਸੋ ਭਾਰੀ ਮਾਤਰਾ ਵਿੱਚ ਨਜਾਇਜ ਅਸਲਾ, ਐਮੋਨੀਸ਼ਨ ਅਤੇ ਧਮਾਕਾ ਖੇਜ਼ ਸਮੱਗਰੀ ਬ੍ਰਾਮਦ ਹੋ ਸਕਦੀ ਹੈ। ਜਿਸ ਸਬੰਧੀ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ।ਜੋ ਸ੍ਰੀ ਹਰਵਿੰਦਰ ਸਿੰਘ ਵਿਰਕ ਕਪਤਾਨ ਪੁਲਿਸ ਇੰਨਵੈਸਟੀਗੇਸ਼ਨ ਪਟਿਆਲਾ ਦੀ ਅਗਵਾਈ ਹੇਠ ਸੀ.ਆਈ.ਏ ਸਟਾਫ ਪਟਿਆਲਾ ਅਤੇ ਥਾਣਾ ਸਦਰ ਪਟਿਆਲਾ ਦੀ ਪੁਲਿਸ ਪਾਰਟੀ ਵੱਲੋ ਦੋਸ਼ੀਆਂ ਦੀ ਭਾਲ ਕਰਦੇ ਹੋਏ ਬਾ-ਹੱਦ ਪਿੰਡ ਫਲੌਲੀ ਦੋਸ਼ੀ ਹਰਪ੍ਰੀਤ ਸਿੰਘ ਨੂੰ ਸਮੇਤ ਉਸਦੀ ਕਾਰ ਰਿਟਜ਼, ਜਿਸ ਵਿੱਚੋਂ ਕੁੱਕਰਨੁਮਾ ਧਮਾਕਾਖੇਜ਼ ਸਮੱਗਰੀ ਬਰਾਮਦ ਹੋਈ, ਨੂੰ ਕਾਬੂ ਕੀਤਾ ਗਿਆ ਜਦਕਿ ਉਸਦਾ ਲੜਕਾ ਰਜਤਵੀਰ ਸਿੰਘ ਮੌਕੇ ਤੋਂ ਆਪਣੀ ਗੱਡੀ ਸਕਾਰਪੀਓ ਸਮੇਤ ਫਰਾਰ ਹੋ ਗਿਆ। ਜੋ ਪੁਲਿਸ ਪਾਰਟੀ ਨੇ ਦੋਸ਼ੀਆਂ ਦੇ ਮਕਾਨ ਨੰ: 04 ਗਲੀ ਨੰ: 14 ਦਰਸ਼ਨ ਨਗਰ ਪਟਿਆਲਾ ਦੀ ਸਰਚ ਕੀਤੀ। ਦੋਰਾਨੇ ਸਰਚ ਘਰ ਵਿੱਚੋ ਭਾਰੀ ਮਾਤਰਾ ਵਿੱਚ ਧਮਾਕਾ ਖੇਜ਼ ਸਮੱਗਰੀ ਮਿਲੀ। ਜਿਸ ਦੇ ਨਿਰੀਖਣ ਲਈ ਐਫ.ਐਸ.ਐਲ. ਮੋਹਾਲੀ ਤੋ ਮਾਹਿਰਾਂ ਦੀ ਟੀਮ ਨੂੰ ਬੁਲਾਇਆ ਗਿਆ ਹੈ। ਇਸੇ ਦਰਮਿਆਨ ਕਿਰਨਜੀਤ ਕੋਰ ਜੋਕਿ ਹਰਪ੍ਰੀਤ ਸਿੰਘ ਦੀ ਪਤਨੀ ਹੈ ਅਤੇ ਰਜਤਵੀਰ ਸਿੰਘ ਦੀ ਮਾਂ ਹੈ, ਨੂੰ ਹਮਰਾਹ ਲੈ ਕੇ ਇਹਨਾਂ ਦੇ ਦੂਜੇ ਮਕਾਨ ਨੰ: 50, ਗਲੀ ਨੰ: 14 ਈ ਦਰਸ਼ਨ ਕਾਲੋਨੀ ਵਿਖੇ ਰੇਡ ਕਰਕੇ ਸਰਚ ਕੀਤੀ ਗਈ। ਜਿਥੇ ਮਕਾਨ ਦੇ ਉਪਰਲੇ ਕਮਰੇ ਵਿੱਚ ਇੱਕ ਨੋਜਵਾਨ ਦੀ ਡੈੱਡ ਬਾਡੀ ਪਈ ਸੀ ਅਤੇ ਨੇੜੇ ਹੀ ਇੱਕ ਦੇਸੀ 12 ਬੋਰ ਦਾ ਕੱਟਾ ਵੀ ਪਿਆ ਸੀ। ਕਿਰਨਜੀਤ ਕੋਰ ਉਕਤ ਨੇ ਮਰਨ ਵਾਲੇ ਦੀ ਸ਼ਨਾਖਤ ਆਪਣੇ ਲੜਕੇ ਰਜਤਵੀਰ ਸਿੰਘ ਵੱਜੋ ਕੀਤੀ। ਤਫਤੀਸ਼ ਦੋਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀ ਰਜਤਵੀਰ ਸਿੰਘ ਨੇ ਕਾਨੂੰਨੀ ਕਾਰਵਾਈ ਦੇ ਡਰ ਕਾਰਨ ਖੁੱਦ ਨੂੰ ਗੋਲੀ ਮਾਰ ਕੇ ਖੁੱਦਕੁਸ਼ੀ ਕਰ ਲਈ ਹੈ। ਹੁਣ ਤੱਕ ਇਸ ਮੁਕੱਦਮੇ ਵਿੱਚ ਪ੍ਰੈਸ਼ਰ ਕੁੱਕਰ ਬੰਬ, ਕੁਝ ਪਾਈਪ ਬੰਬ ਅਤੇ ਪਾਈਪ ਬੰਬ ਬਣਾਉਣ ਵਾਲੀ ਕੁੱਝ ਧਮਾਕਾਖੇਜ਼ ਸਮੱਗਰੀ, ਦੇਸੀ ਕੱਟਾ 12 ਬੋਰ, 32 ਬੋਰ ਪਿਸਟਲ, 12 ਬੋਰ ਬੰਦੂਕ ਕੰਟਰੀਮੇਡ, ਦੋ 12 ਬੋਰ ਬੰਦੂਕਾਂ ਛੋਟੀ ਬੈਰੇਲ ਵਾਲੀ ਅਤੇ ਭਾਰੀ ਮਾਤਰਾ ਵਿੱਚ ਜਿੰਦਾ 12 ਬੋਰ ਅਤੇ 315 ਬੋਰ ਕਾਰਤੂਸ ਸਮੇਤ ਕੁੱਝ ਖੋਲ ਕਾਰਤੂਸ ਅਤੇ ਬਾਈਨੌਕੂਲਰ ਆਦਿ ਬਰਾਮਦ ਹੋਏ ਹਨ